Alberta Government

**News** release

# ਪਾਬੰਦੀਆਂ ਤੋਂ ਛੋਟ ਪ੍ਰੋਗਰਾਮ ਸ਼ੁਰੂ

ਸਤੰਬਰ 20, 2021 Media inquiries

---

## ਪੂਰੀ ਤਰ੍ਹਾਂ ਵੈਕਸੀਨੇਟਿਡ ਜਾਂ 72 ਘੰਟਿਆਂ ਦੇ ਅੰਦਰ ਕਰਾਏ ਨੈਗੇਟਿਵ ਕੋਵਿਡ ਟੈਸਟ ਨਤੀਜੇ ਵਾਲੇ ਵਿਅਕਤੀ ਹੁਣ ਸੂਬੇ ਭਰ ਦੇ ਭਾਗੀਦਾਰ ਕਾਰੋਬਾਰਾਂ ਅਤੇ ਸਮਾਗਮਾਂ ਤੱਕ ਸੁਰੱਖਿਅਤ ਰੂਪ ਨਾਲ ਭਾਗ ਲੈ ਸਕਦੇ ਹਨ।

ਪਾਬੰਦੀਆਂ ਤੋਂ ਛੋਟ ਪ੍ਰੋਗਰਾਮ ਨਾਲ ਯੋਗ ਕਾਰੋਬਾਰ, ਸਮਾਗਮ ਸਥਾਨਾਂ ਅਤੇ ਸੇਵਾਵਾਂ ਸਮਰੱਥਾ ਅਤੇ ਕੰਮ ਕਾਜ ਦੀਆਂ ਪਾਬੰਦੀਆਂ ਤੋਂ ਮੁਕਤ ਹੁੰਦੇ ਹਨ। ਜੇ ਉਹ ਗਾਹਕਾਂ ਦੀ ਸੁਰੱਖਿਆ ਅਤੇ ਕੋਵਿਡ-19 ਦੇ ਫੈਲਣ ਨੂੰ ਰੋਕਣ ਵਿੱਚ ਸਹਾਇਤਾ ਲਈ ਇਸ ਪ੍ਰੋਗਰਾਮ ਨੂੰ ਲਾਗੂ ਨਹੀਂ ਕਰਦੇ ਹਨ ਤਾਂ ਉਨ੍ਹਾਂ ਲਈ ਲਾਗੂ, ਸਾਰੇ ਜਨਤਕ ਸਿਹਤ ਉਪਾਵਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ।
ਕੋਵਿਡ-19 ਦੇ ਫੈਲਣ ਨੂੰ ਹੌਲੀ ਕਰਨ ਵਿੱਚ ਸਹਾਇਤਾ ਲਈ ਰੈਸਟੋਰੈਂਟ, ਵਿਆਹ ਅਤੇ ਅੰਤਿਮ ਸੰਸਕਾਰ, ਰੀਟੇਲ, ਮਨੋਰੰਜਨ ਸਥਾਨਾਂ ਅਤੇ ਬਾਲਗ ਖੇਡਾਂ ਅਤੇ ਤੰਦਰੁਸਤੀ ਲਈ ਅਸਥਾਈ ਸਿਹਤ ਉਪਾਅ ਹੁਣ ਲਾਗੂ ਹੋ ਚੁੱਕੇ ਹਨ।

## ਪਾਬੰਦੀਆਂ ਤੋਂ ਛੋਟ ਪ੍ਰੋਗਰਾਮ

ਸੂਬੇ ਭਰ ਵਿੱਚ ਟੀਕੇ ਲਈ ਯੋਗ ਵਿਅਕਤੀਆਂ ਨੂੰ ਵੱਖ-ਵੱਖ ਸਮਾਜਿਕ, ਮਨੋਰੰਜਕ ਅਤੇ ਵਲੰਟਰੀ ਸਮਾਗਮਾਂ ਅਤੇ ਕਾਰੋਬਾਰਾਂ ਵਿੱਚ ਜਾਣ ਲਈ ਵੈਕਸੀਨੇਸ਼ਨ ਦਾ ਸਰਕਾਰੀ ਸਬੂਤ ਜਾਂ ਪਿਛਲੇ 72 ਘੰਟਿਆਂ ਦੇ ਅੰਦਰ ਨਿਜੀ ਤੌਰ ਤੇ ਕਰਾਇਆ ਕੋਵਿਡ-19 ਦਾ ਨੈਗੇਟਿਵ ਟੈਸਟ ਰਿਪੋਰਟ ਦਿਖਾਉਣ ਦੀ ਲੋੜ ਪਵੇਗੀ।

- ਕਾਰੋਬਾਰ ਅਤੇ ਸੇਵਾ ਪ੍ਰਦਾਤਾ ਜੋ ਇਸ ਪ੍ਰੋਗਰਾਮ ਨੂੰ ਲਾਗੂ ਕਰਦੇ ਹਨ ਉਹ ਤੁਰੰਤ ਅਤੇ ਬਿਨਾਂ ਕਿਸੇ ਰੋਕ ਦੇ ਕਿਸੇ ਵੀ ਵਿਅਕਤੀ ਨੂੰ ਸਰਵਿਸ ਦੇ ਸਕਦੇ ਹਨ ਜਿੰਨਾਂ ਕੋਲ:
  - 20 ਸਤੰਬਰ ਤੋਂ 25 ਅਕਤੂਬਰ ਤੱਕ ਅਤੇ ਸਰਵਿਸ ਲੈਣ ਤੋਂ ਦੋ ਜਾਂ ਵਧੇਰੇ ਹਫ਼ਤੇ ਪਹਿਲਾਂ ਟੀਕੇ ਦੀ ਇੱਕ ਖੁਰਾਕ ਲੈਣ ਦਾ ਪ੍ਰਮਾਣਿਕ ਸਬੂਤ ਹੈ; ਜਾਂ
  - 26 ਅਕਤੂਬਰ ਅਤੇ ਇਸਤੋਂ ਬਾਅਦ ਅਤੇ ਸਰਵਿਸ ਲੈਣ ਤੋਂ ਦੋ ਹਫ਼ਤੇ ਜਾਂ ਇਸ ਤੋਂ ਪਹਿਲਾਂ ਪ੍ਰਾਪਤ ਕੀਤੀ ਦੂਜੀ ਖੁਰਾਕ ਨਾਲ ਪੂਰੀ ਤਰਾਂ ਵੈਕਸੀਨੇਟਿਡ ਹੋਣ ਦਾ ਸਬੂਤ ਹੈ; ਜਾਂ
  - ਕਿਸੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਤੋਂ ਡਾਕਟਰੀ ਛੋਟ ਦੇ ਦਸਤਾਵੇਜ਼ ਹਨ; ਜਾਂ
  - ਪਿਛਲੇ 72 ਘੰਟਿਆਂ ਦੇ ਅੰਦਰ ਨਿਜੀ ਤੌਰ ਤੇ ਕਰਾਇਆ ਕੋਵਿਡ-19 ਦਾ ਨੈਗੇਟਿਵ ਟੈਸਟ(ਰੈਪਿਡ ਜਾਂ ਪੀਸੀਆਰ) ਰਿਪੋਰਟ ਹੈ।
    - ਇਹ ਟੈਸਟ ਅਲਬਰਟਾ ਹੈਲਥ ਸਰਵਿਸਿਜ਼ ਜਾਂ ਅਲਬਰਟਾ ਪ੍ਰਿਸਿਜ਼ਨ ਲੈਬਾਰਟਰੀਜ਼ ਤੋਂ ਨਹੀਂ ਹੋ ਸਕਦਾ।
- 12 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਭਾਗ ਲੈਣ ਵਾਲੇ ਕਾਰੋਬਾਰ ਵਿੱਚ ਦਾਖਲ ਹੋਣ ਲਈ ਟੀਕਾਕਰਣ ਦਾ ਪ੍ਰਮਾਣ ਜਾਂ ਨੈਗੇਟਿਵ ਟੈਸਟ ਦਿਖਾਉਣ ਦੀ ਲੋੜ ਨਹੀਂ ਹੈ।
- ਇਹ ਪ੍ਰੋਗਰਾਮ ਉਨ੍ਹਾਂ ਕਾਰੋਬਾਰਾਂ ਜਾਂ ਸੰਸਥਾਵਾਂ ਤੇ ਲਾਗੂ ਨਹੀਂ ਹੁੰਦਾ ਜੋ ਰੋਜ਼ ਮੱਰਾ ਦੀਆਂ ਵਸਤਾਂ ਮੁਹੱਈਆ ਕਰਦੇ ਹਨ। ਇੰਨ-ਸਕੋਪ(ਦਾਇਰੇ ਦੇ ਅੰਦਰ) ਅਤੇ ਆਊਟ ਆਫ ਸਕੋਪ(ਦਾਇਰੇ ਤੋਂ ਬਾਹਰ) ਕਾਰੋਬਾਰਾਂ ਦੀ ਸੂਚੀ available online ਆਨਲਾਈਨ ਮੌਜੂਦ ਹੈ।
- ਉਹ ਕਾਰੋਬਾਰ ਜੋ ਪਾਬੰਦੀਆਂ ਤੋਂ ਛੋਟ ਪ੍ਰੋਗਰਾਮ ਨੂੰ ਲਾਗੂ ਕਰਦੇ ਹਨ ਉਹਨਾਂ ਨੂੰ ਅੰਦਰੂਨੀ ਸਥਾਨਾਂ ਤੇ ਲਾਜ਼ਮੀ ਮਾਸਕ ਪਹਿਨਣ ਦੀ ਲੋੜ ਦਾ ਪਾਲਣਾ ਕਰਦੇ ਰਹਿਣਾ ਚਾਹੀਦਾ ਹੈ।
- ਅਲਬਰਟਨਜ਼ ਹੁਣ ਆਨਲਾਈਨ ਅਕਾਂਉਟ ਬਣਾਏ ਬਗੈਰ alberta.ca/CovidRecords ਤੇ ਟੀਕਾਕਰਣ ਦੇ ਸੌਖੇ ਕਾਰਡ-ਆਕਾਰ ਦੇ ਸਬੂਤ ਪ੍ਰਾਪਤ ਕਰ ਸਕਦੇ ਹਨ। ਤੁਹਾਡੀ ਟੀਕਾਕਰਣ ਬੁਕਿੰਗ ਸਮੇ ਪ੍ਰਾਪਤ ਟੀਕਾਕਰਣ ਰਿਕਾਰਡ ਦੀ ਕਾਗਜ਼ੀ ਕਾਪੀ ਵੀ ਟੀਕੇ ਦੇ ਸਬੂਤ ਵਜੋਂ ਵਰਤੀ ਜਾ ਸਕਦੀ ਹੈ।

## ਸੂਬੇ ਭਰ ਵਿੱਚ ਜਨਤਕ ਸਿਹਤ ਦੇ ਨਵੇਂ ਉਪਾਅ 20 ਸਤੰਬਰ ਤੋਂ ਲਾਗੂ ਹਨ

ਅਜਿਹੇ ਯੋਗ ਇੰਨ-ਸਕੋਪ ਆਪਰੇਟਰ ਜੋ ਪਾਬੰਦੀਆਂ ਤੋਂ ਛੋਟ ਪ੍ਰੋਗਰਾਮ ਨੂੰ ਲਾਗੂ ਨਹੀਂ ਕਰਦੇ ਉਹ ਹੇਠ ਲਿਖੇ ਲਾਜ਼ਮੀ ਉਪਾਅ ਲਾਗੂ ਕਰਨ:

## ਰੈਸਟੋਰੈਂਟ

- ਬਾਹਰ ਬੈਠ ਕੇ ਖਾਣਾ ਇੱਕ ਟੇਬਲ ਤੇ ਵੱਧ ਤੋਂ ਵੱਧ ਛੇ ਵਿਅਕਤੀਆਂ ਨਾਲ (ਇੱਕ ਘਰ ਜਾਂ ਇਕੱਲੇ ਰਹਿਣ ਵਾਲਿਆਂ ਲਈ ਦੋ ਨਜ਼ਦੀਕੀ ਸੰਪਰਕ) ਹੋ ਸਕਦਾ ਹੈ।
- ਸ਼ਰਾਬ ਦੀ ਵਿਕਰੀ ਅਤੇ ਖਪਤ ਦੀਆਂ ਪਾਬੰਦੀਆਂ ਰਾਤ 10 ਵਜੇ ਤੱਕ ਵਿਕਰੀ ਅਤੇ ਰਾਤ 11 ਵਜੇ ਖਪਤ ਤੱਕ ਲਾਗੂ ਹਨ।

## ਵਿਆਹ ਅਤੇ ਸੰਸਕਾਰ

- ਸਾਰੇ ਅੰਦਰੂਨੀ(ਇੰਨਡੋਰ) ਸਮਾਰੋਹ ਅਤੇ ਸੇਵਾਵਾਂ 50 ਦੀ ਹਾਜ਼ਰੀ ਜਾਂ 50 ਪ੍ਰਤੀਸ਼ਤ ਫਾਇਰ ਕੋਡ ਸਮਰੱਥਾ ਜੋ ਵੀ ਘੱਟ ਹੋਵੇ ਤੱਕ ਸੀਮਤ ਹਨ।
- ਕਿਸੇ ਵੀ ਤਰਾਂ ਦੀ ਇੰਨਡੋਰ ਰਿਸੈਪਸ਼ਨ ਦੀ ਆਗਿਆ ਨਹੀਂ ਹੈ।
    - ਹੋਸਟਿੰਗ ਸਹੂਲਤਾਂ ਪਾਬੰਦੀਆਂ ਤੋਂ ਛੋਟ ਪ੍ਰੋਗਰਾਮ ਨੂੰ ਲਾਗੂ ਕਰਨ ਦੇ ਯੋਗ ਹੋਣਗੀਆਂ।
- ਵਿਆਹਾਂ ਅਤੇ ਅੰਤਿਮ -ਸੰਸਕਾਰਾਂ ਲਈ ਸਾਰੇ ਬਾਹਰੀ ਸਮਾਰੋਹਾਂ ਅਤੇ ਸੇਵਾਵਾਂ 200 ਹਾਜ਼ਰ ਲੋਕਾਂ ਤੱਕ ਸੀਮਿਤ ਹਨ। ਆਊਟਡੋਰ ਰਿਸੈਪਸ਼ਨਾਂ ਨੂੰ ਸ਼ਰਾਬ ਦੀ ਵਿਕਰੀ ਅਤੇ ਖਪਤ ਦੀਆਂ ਪਾਬੰਦੀਆਂ ਦੀ ਪਾਲਣਾ ਕਰਨ ਦੀ ਲੋੜ ਹੈ।

## ਮਨੋਰੰਜਨ ਅਤੇ ਮਨੋਰੰਜਨ ਸਹੂਲਤਾਂ (ਕਿਸੇ ਵੀ ਅੰਦਰੂਨੀ ਸਥਾਨ, ਲਾਇਬ੍ਰੇਰੀਆਂ, ਕਾਨਫਰੰਸਾਂ, ਕਿਰਾਏ ਦੀਆਂ ਥਾਵਾਂ, ਸਮਾਰੋਹਾਂ, ਨਾਈਟ ਕਲੱਬ, ਕੈਸੀਨੋ ਅਤੇ ਇਸ ਸਮਾਨ ਸਥਾਨ ਸ਼ਾਮਲ ਹਨ)

- ਹਾਜ਼ਰੀ ਇੱਕ ਤਿਹਾਈ ਫਾਇਰ ਕੋਡ ਸਮਰੱਥਾ ਤੱਕ ਸੀਮਤ ਹੈ ਅਤੇ ਹਾਜ਼ਰ ਲੋਕਾਂ ਨੂੰ ਸਿਰਫ ਉਨ੍ਹਾਂ ਦੇ ਪਰਿਵਾਰ ਜਾਂ ਇਕੱਲੇ ਰਹਿਣ ਵਾਲੇ ਨੂੰ ਦੋ ਨਜ਼ਦੀਕੀ ਸੰਪਰਕਾਂ ਦੇ ਨਾਲ ਹਾਜ਼ਰ ਹੋਣ ਦੀ ਆਗਿਆ ਹੈ। ਹਾਜ਼ਰ ਲੋਕਾਂ ਲਈ ਮਾਸਕ ਜਰੂਰੀ ਹੈ ਅਤੇ ਦੋ ਘਰਾਂ ਦੇ ਵਿਚਕਾਰ ਦੋ ਮੀਟਰ ਦੀ ਸਰੀਰਕ ਦੂਰੀ ਹੋਣੀ ਚਾਹੀਦੀ ਹੈ।

## ਬਾਲਗ ਖੇਡਾਂ, ਫਿਟਨੈੱਸ, ਪ੍ਰਫਾਰਮੈਂਸ ਅਤੇ ਮਨੋਰੰਜਨ

- ਅੰਦਰੂਨੀ(ਇੰਨਡੋਰ) ਗਤੀਵਿਧੀਆਂ
    - ਇਨਡੋਰ ਸਮੂਹ ਕਲਾਸਾਂ ਜਾਂ ਗਤੀਵਿਧੀਆਂ ਦੀ ਆਗਿਆ ਨਹੀਂ ਹੈ।
    - ਵਿਅਕਤੀਗਤ ਸਿਖਲਾਈ ਜਾਂ ਵਿਅਕਤੀਗਤ ਵਰਕਆਊਟ ਦੀ ਆਗਿਆ ਹੈ ਪਰ ਤਿੰਨ-ਮੀਟਰ ਸਰੀਰਕ ਦੂਰੀ ਦੀ ਲੋੜ ਹੈ।
    - ਖਿਡਾਰੀਆਂ ਵਿਚਕਾਰ ਕੋਈ ਸੰਪਰਕ ਨਹੀਂ; ਅੰਦਰੂਨੀ ਮੁਕਾਬਲੇ ਰੋਕੇ ਗਏ ਹਨ ਸਿਵਾਏ ਉਨ੍ਹਾਂ ਦੇ ਜਿੱਥੇ ਟੀਕੇ ਦੀ ਛੋਟ ਦਿੱਤੀ ਗਈ ਹੈ।
- ਬਾਹਰੀ ਗਤੀਵਿਧੀਆਂ ਤੇ ਕੋਈ ਪਾਬੰਦੀ ਨਹੀਂ ਹੈ।

ਦਾਇਰੇ ਤੋਂ ਬਾਹਰ ਦੇ ਸੰਚਾਲਕ **ਜੋ ਪਾਬੰਦੀਆਂ ਛੋਟ ਪ੍ਰੋਗਰਾਮ ਦੇ ਯੋਗ ਨਹੀਂ** ਹਨ ਉਨ੍ਹਾਂ ਨੂੰ ਮਾਸਕਿੰਗ ਅਤੇ ਦੂਰੀ ਦੀਆਂ ਲੋੜਾਂ ਅਤੇ ਸਮੱਰਥਾ ਸੀਮਾ ਸਮੇਤ Order 42-2021 ਵਿੱਚ ਦੱਸੀਆਂ ਜਨਤਕ ਸਿਹਤ ਪਾਬੰਦੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਜਨਤਕ ਸਿਹਤ ਦੇ ਉਪਾਅ Public health measures ਜੋ ਕਿ 16 ਸਤੰਬਰ ਨੂੰ ਲਾਗੂ ਹੋਏ ਸਨ, ਪੂਰੇ ਸੂਬੇ ਵਿੱਚ ਲਾਗੂ ਹਨ।

# ਪੂਰੀ ਤਰ੍ਹਾਂ ਵੈਕਸੀਨੇਟ ਹੋਵੋ

ਕੋਵਿਡ-19 ਵਿਰੁੱਧ ਲੜਾਈ ਵਿੱਚ ਟੀਕੇ ਸਭ ਤੋਂ ਸ਼ਕਤੀਸ਼ਾਲੀ ਸਾਧਨ ਹਨ। ਵੈਕਸੀਨ ਦੀ ਬੁਕਿੰਗ ਏਐਚਐਸ ਜਾਂ ਭਾਗੀਦਾਰ ਫਾਰਮੇਸੀਆਂ ਅਤੇ ਡਾਕਟਰਾਂ ਦੇ ਕਲੀਨਿਕਾਂ ਦੁਆਰਾ ਸੌਖੀ ਉਪਲਬਧ ਹੈ। alberta.ca/vaccine ਤੇ ਆਪਣੀ ਵੈਕਸੀਨ ਬੁੱਕ ਕਰੋ। ਪਹਿਲੀ ਖੁਰਾਕ ਚੋਣਵੇਂ ਵਾਕ-ਇਨ ਕਲੀਨਿਕ ਤੇ ਵੀ ਉਪਲਬਧ ਹੈ।

18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਾਰੇ ਅਲਬਰਟਨਜ਼ ਕੋਵਿਡ-19 ਟੀਕੇ ਦੀਆਂ ਦੋ ਖੁਰਾਕਾਂ ਲੈਣ ਤੋਂ ਬਾਦ Alberta's vaccine lottery ਵਿੱਚ ਦਾਖਲ ਹੋਣ ਯੋਗ ਹਨ। 1 ਮਿਲੀਅਨ ਡਾਲਰ ਦੇ ਡਰਾਅ ਲਈ ਅੰਤਿਮ ਰਜਿਸਟ੍ਰੇਸ਼ਨ 23 ਸਤੰਬਰ ਨੂੰ ਬੰਦ ਹੋਵੇਗੀ।

ਜੋ ਲੋਕ ਹੋਰ ਅਲਬਰਟਨਜ਼ ਨੂੰ ਜਲਦੀ ਤੋਂ ਜਲਦੀ ਸੁਰੱਖਿਅਤ ਹੋਣ ਲਈ ਉਤਸ਼ਾਹਤ ਕਰਨ ਲਈ 3 ਸਤੰਬਰ ਅਤੇ 14 ਅਕਤੂਬਰ ਦੇ ਵਿਚਕਾਰ ਕੋਵਿਡ-19 ਦੇ ਟੀਕੇ ਦੀ ਪਹਿਲੀ ਜਾਂ ਦੂਜੀ ਖੁਰਾਕ ਪ੍ਰਾਪਤ ਕਰਦੇ ਹਨ ਉਨਾਂ ਲਈ ਅਲਬਰਟਾ ਸਰਕਾਰ ਨੇ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਅਲਬਰਟਨਜ਼ ਨੂੰ 100 ਡਾਲਰ ਦਾ ਡੈਬਿਟ ਕਾਰਡ ਦੇਣ ਲਈ ਇੱਕ ਪ੍ਰੋਤਸਾਹਨ ਪ੍ਰੋਗਰਾਮ ਵੀ ਲਾਂਚ ਕੀਤਾ ਹੈ। ਨਿਯਮਾਂ ਦੀ ਪੂਰੀ ਸੂਚੀ ਆਨਲਾਈਨ alberta.ca/VaccineDebitCard ਤੇ ਉਪਲਬਧ ਹੈ

## ਸਬੰਧਿਤ ਜਾਣਕਾਰੀ

- COVID-19 information for Albertans
- COVID-19 public health actions
- Requirements for the Restrictions Exemption Program (PDF)

## ਮੀਡੀਆ ਪੁੱਛਗਿੱਛ

**Steve Buick**
780-288-1735
ਸੀਨੀਅਰ ਪ੍ਰੈਸ ਸੈਕਟਰੀ, ਸਿਹਤ

View this announcement online
Government of Alberta newsroom
Contact government
Unsubscribe